Sun Life Financial

# ਟੋਰੰਟੋ ਡਿਸਟ੍ਰਿਕਟ ਸਕੂਲ ਬੋਰਡ ਅੰਤਰਰਾਸ਼ਟਰੀ ਵਿਦਿਆਰਥੀ ਸਿਹਤ ਯੋਜਨਾ

**ਪਾਲਿਸੀ #017874**

## ਬੀਮਾ ਸੁਰੱਖਿਆ ਦਾ ਸੰਖੇਪ

| | |
|---|---|
| **ਪਾਤਰਤਾ** | ਟੋਰੰਟੋ ਡਿਸਟ੍ਰਿਕਟ ਸਕੂਲ ਬੋਰਡ ਅੰਤਰਰਾਸ਼ਟਰੀ ਵਿਦਿਆਰਥੀ ਸਿਹਤ ਯੋਜਨਾ ਵਿੱਚ ਇੱਕ ਇੱਕ ਵੈਧ ਅਧਿਐਨ ਪਰਮਿਟ ਦੇ ਨਾਲ, ਫੁੱਲ-ਟਾਈਮ ਕਲਾਸਾਂ ਵਿੱਚ ਭਾਗ ਲੈਂਦੇ ਹੋਏ ਅੰਤਰਰਾਸ਼ਟਰੀ ਵਿਦਿਆਰਥੀ ਦੇ ਤੌਰ ਤੇ ਦਾਖਲਾ ਲਿਆ ਹੈ, ਅਤੇ ਕਿਸੀ ਪ੍ਰਾਂਤਿਕ ਜਾਂ ਖੇਤਰੀ ਸਿਹਤ ਬੀਮਾ ਯੋਜਨਾ ਦੇ ਅਧੀਨ ਬੀਮਾ ਸੁਰੱਖਿਆ ਦੇ ਪਾਤਰ ਨਹੀਂ ਹੋ। |
| **ਪਹਿਲਾਂ ਤੋਂ ਮੌਜੂਦ ਹਾਲਾਤਾਂ ਤੋਂ ਅਲਹਿਦਗੀ** | ਬੀਮਾ ਸੁਰੱਖਿਆ ਦੇ ਲਾਗੂ ਹੋਣ ਤੋਂ ਪਹਿਲਾਂ 90 ਦਿਨਾਂ ਦੌਰਾਨ ਹੋਈ ਕਿਸੇ ਬੀਮਾਰੀ ਜਾਂ ਸੱਟ ਜਾਂ ਮੈਡੀਕਲ ਹਾਲਾਤਾਂ ਦੇ ਕਾਰਣ ਜਾਂ ਨਤੀਜੇ ਵਜੋਂ ਆਏ ਖਰਚਿਆਂ ਲਈ ਭੁਗਤਾਨ ਬੀਮੇ ਦੇ ਅਧੀਨ ਨਹੀਂ ਹੈ, ਜਿੱਥੇ ਕਿ ਸੰਕੇਤ ਜਾਂ ਲੱਛਣ ਦਿਖਾਈ ਦਿੱਤੇ ਹੋਣ ਜਾਂ ਡਾਕਟਰੀ ਸਹਾਇਤਾ ਜਾਂ ਮਸ਼ਵਰੇ ਦੀ ਲੋੜ, ਹਸਪਤਾਲ ਵਿੱਚ ਦਾਖ਼ਲਾ ਜਾਂ ਇਲਾਜ (ਦਵਾਈ ਅਤੇ ਖ਼ੁਰਾਕ ਬਦਲਣ ਸਮੇਤ) ਦੀ ਲੋੜ ਪਈ। |
| **ਯੋਗ ਡਾਕਟਰੀ ਖਰਚੇ** | ਤੁਹਾਡੇ ਕੋਲ ਇਸ ਪਾਲਿਸੀ ਦੇ ਅਨੁਸਾਰ ਅਜਿਹੀ ਬਿਮਾਰੀ ਜਾਂ ਸੱਟ ਦੇ ਡਾਕਟਰੀ ਇਲਾਜ ਲਈ ਹੀ ਬੀਮਾ ਸੁਰੱਖਿਆ ਹੈ ਜੋ ਇਸ ਯੋਜਨਾ ਦੇ ਅਧੀਨ ਬੀਮੇ ਦੇ ਦੌਰਾਨ ਹੋਈ ਹੋਵੇ। |
| **ਅਧਿਕਤਮ ਜ਼ਿੰਮੇਵਾਰੀ** | ਬੀਮਾ ਮਿਆਦ ਵਿੱਚ 3 ਮਿਲੀਅਨ ਡਾਲਰ |

| ਬੀਮੇ ਦੇ ਅਧੀਨ ਖਰਚੇ | ਬੀਮਾ ਸੁਰੱਖਿਆ ਦੀਆਂ ਮੁੱਖ ਵਿਸ਼ੇਸ਼ਤਾਵਾਂ |
|---|---|
| • **ਹਸਪਤਾਲ ਵਿੱਚ ਦਾਖ਼ਲਾ** | ਭਰਤੀ ਹੋਏ ਮਰੀਜ਼ਾਂ ਅਤੇ ਬਾਹਰੋਂ ਆਉਣ ਵਾਲੇ ਮਰੀਜ਼ਾਂ ਲਈ ਹਸਪਤਾਲ ਦੀ ਫ਼ੀਸ |
| • **ਡਾਇਗਨੋਸਟਿਕ ਸੇਵਾਵਾਂ** | ਡਾਕਟਰੀ ਤੌਰ ਤੇ ਲੋੜ ਪੈਣ ਤੇ ਡਾਇਗਨੋਸਟਿਕ, ਲੈਬੋਰਟਰੀ ਟੈਸਟ ਅਤੇ/ਜਾਂ ਐਕਸ-ਰੇ |
| • **ਐਂਬੂਲੈਂਸ ਸੇਵਾਵਾਂ** | ਨੇੜਲੇ ਹਸਪਤਾਲ ਤੱਕ ਥਲ ਅਤੇ ਹਵਾਈ ਐਂਬੂਲੈਂਸ |
| • **ਮੈਡੀਕਲ ਉਪਕਰਣ ਅਤੇ ਫੁਟਕਲ ਮੈਡੀਕਲ** | ਫੌੜ੍ਹੀਆਂ, ਪਲਸਤਰ, ਵ੍ਹੀਲਚੇਅਰ ਅਸਥਾਈ ਤੌਰ ਤੇ ਕਿਰਾਏ ਤੇ ਲੈਣ ਆਦਿ ਦੇ ਖਰਚੇ ਉਦੋਂ ਹੀ ਬੀਮੇ ਦੇ ਅਧੀਨ ਆਉਣਗੇ ਜਦੋਂ ਇਲਾਜ ਕਰ ਰਹੇ ਡਾਕਟਰ ਦੁਆਰਾ ਨਿਰਧਾਰਿਤ ਕੀਤੇ ਜਾਣ। |
| • **ਕਨੇਡਾ ਤੋਂ ਬਾਹਰ ਦੀ ਐਮਰਜੈਂਸੀ** | ਆਪਣੇ ਦੇਸ਼ ਵਿੱਚ ਬੀਮਾ ਉਪਲਬਧ ਨਾ ਹੋਣ ਤੇ 30 ਦਿਨਾਂ ਤੱਕ ਦੀ ਯਾਤਰਾ |
| • **ਨਿੱਜੀ ਡਿਊਟੀ ਨਰਸ** | ਬੀਮਾ ਮਿਆਦ ਵਿੱਚ 2,000 ਡਾਲਰ |
| • **ਇਮਯੂਨਾਈਜ਼ੇਸ਼ਨ ਅਤੇ ਟੀਕਾਕਰਣ** | ਬੀਮਾ ਮਿਆਦ ਵਿੱਚ 150 ਡਾਲਰ |
| • **ਟੀਬੀ ਲਈ ਜਾਂਚ ਅਤੇ ਟੀਕਾਕਰਣ** | 12 ਮਹੀਨਿਆਂ ਦੀ ਮਿਆਦ ਦੀ ਖਰੀਦ ਤੇ ਬੀਮਾ ਮਿਆਦ ਦੇ ਅੰਦਰ 100 ਡਾਲਰ |
| • **ਮਨੋਰੋਗ ਦੇਖਭਾਲ** (ਭਰਤੀ ਮਰੀਜ਼ ਅਤੇ ਬਾਹਰੋਂ ਆਉਣ ਵਾਲੇ ਮਰੀਜ਼ਾਂ ਦੀ) | ਭਰਤੀ ਮਰੀਜ਼ਾਂ ਅਤੇ ਬਾਹਰੋਂ ਆਉਣ ਵਾਲੇ ਮਰੀਜ਼ਾਂ ਦੀ ਦੇਖਭਾਲ ਲਈ ਬੀਮਾ ਸੁਰੱਖਿਆ ਮਿਆਦ ਵਿੱਚ 15,000 ਡਾਲਰ |
| • **ਦੇਸ਼ ਵਾਪਸੀ** | 10,000 ਡਾਲਰ |
| • **ਡਾਕਟਰੀ ਇਲਾਜ ਲਈ ਦੇਸ਼ ਵਾਪਸੀ** | 5,000 ਡਾਲਰ |

| ਬੀਮੇ ਦੇ ਅਧੀਨ ਖਰਚੇ | ਬੀਮਾ ਸੁਰੱਖਿਆ ਦੀਆਂ ਮੁੱਖ ਵਿਸ਼ੇਸ਼ਤਾਵਾਂ |
|---|---|
| • **ਐਮਰਜੈਂਸੀ ਹਵਾਈ ਆਵਾਜਾਈ** | ਬੀਮਾ ਮਿਆਦ ਵਿੱਚ 250,000 ਡਾਲਰ |
| • **ਪਰਿਵਾਰ ਦੇ ਸਫ਼ਰ ਦਾ ਖਰਚ** | ਬੀਮਾ ਮਿਆਦ ਵਿੱਚ 5,000 ਡਾਲਰ |
| • **ਦੰਦਾਂ ਸੰਬੰਧੀ ਦੁਰਘਟਨਾ** | ਪ੍ਰਤੀ ਘਟਨਾ 4,000 ਡਾਲਰ |
| • **ਦੰਦਾਂ ਸੰਬੰਧੀ ਐਮਰਜੈਂਸੀ:**<br>ੳ. ਪਰਭਾਵਿਤ ਅਕਲ ਜਾੜ੍ਹ ਨੂੰ ਕੱਢਣਾ<br>ਅ. ਦਰਦ ਤੋਂ ਰਾਹਤ | ੳ. ਪ੍ਰਤੀ ਜਾੜ੍ਹ 100 ਡਾਲਰ<br>ਅ. ਬੀਮਾ ਸੁਰੱਖਿਆ ਮਿਆਦ ਵਿੱਚ 500 ਡਾਲਰ |
| • **ਪੈਰਾਮੈਡੀਕਲ ਸੇਵਾਵਾਂ:**<br>ਕਾਇਰੋਪਰੈਕਟਰ, ਮਾਲਸ਼ ਚਿਕਿਤਸਕ, ਹੱਡੀਆਂ ਦਾ ਮਾਹਰ ਚਿਕਿਤਸਕ, ਭੌਤਿਕ ਚਿਕਿਤਸਕ, ਕਥਨ ਸ਼ਕਤੀ ਚਿਕਿਤਸਕ, ਪੈਰ-ਚਿਕਿਤਸਕ/ ਪੈਰਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਵਾਲਾ ਡਾਕਟਰ | ਬੀਮਾ ਸੁਰੱਖਿਆ ਮਿਆਦ ਵਿੱਚ ਹਰੇਕ ਸੇਵਾ ਸ਼੍ਰੇਣੀ ਲਈ 600 ਡਾਲਰ ਤੱਕ ਸੀਮਿਤ |
| • **ਮਨੋ-ਵਿਗਿਆਨੀ** | ਬੀਮਾ ਸੁਰੱਖਿਆ ਮਿਆਦ ਵਿੱਚ 600 ਡਾਲਰ ਤੱਕ ਸੀਮਿਤ |
| • **ਨੁਸਖ਼ੇ ਵਾਲੀਆਂ ਦਵਾਈਆਂ** | 60-ਦਿਨਾਂ ਦੀ ਸਪਲਾਈ ਬੀਮਾ ਸੁਰੱਖਿਆ ਮਿਆਦ ਵਿੱਚ 10,000 ਡਾਲਰ |
| • **ਗਰਭਅਵਸਥਾ** | ਬੀਮਾ ਸੁਰੱਖਿਆ ਮਿਆਦ ਵਿੱਚ ਪ੍ਰਤੀ ਗਰਭਅਵਸਥਾ 10,000 ਡਾਲਰ |
| • **ਅੱਖਾਂ ਦੀ ਜਾਂਚ** | 12 ਮਹੀਨੇ ਯੋਜਨਾ ਦੀ ਖਰੀਦ ਤੇ ਬੀਮਾ ਮਿਆਦ ਦੇ ਅੰਦਰ 100 ਡਾਲਰ |
| • **ਸਾਲਾਨਾ ਡਾਕਟਰੀ ਜਾਂਚ** | ਇੱਕ ਮੁਲਾਕਾਤ,12 ਮਹੀਨਿਆਂ ਦੀ ਯੋਜਨਾ ਦੀ ਖਰੀਦ ਦੇ ਨਾਲ 150 ਡਾਲਰ ਤੱਕ |
| • **ਵਿਕਲਾਂਗਤਾ ਸੋਧਕ ਜੁੱਤੇ** | ਬੀਮਾ ਸੁਰੱਖਿਆ ਮਿਆਦ ਵਿੱਚ 200 ਡਾਲਰ ਤੱਕ ਸੀਮਿਤ |
| • ਪਰਿਵਾਰ ਦੇ ਨਿਕਟਤਮ ਮੈਂਬਰ ਦੇ ਰਹਿਣ-ਸਹਿਣ ਦਾ ਖਰਚਾ | ਐਮਰਜੈਂਸੀ ਤੋਂ ਬਾਅਦ ਬੀਮਾ ਸੁਰੱਖਿਆ ਦੀ ਮਿਆਦ ਵਿੱਚ ਪ੍ਰਤੀਦਿਨ 150 ਡਾਲਰ ਤੋਂ ਵੱਧ ਤੋ ਵੱਧ 1,500 ਡਾਲਰ ਤੱਕ |

OHIP ਦੁਆਰਾ ਪ੍ਰਦਾਨ ਬੀਮਾ ਸੁਰੱਖਿਆ ਦੇ ਲਾਭ OHIP ਦੁਆਰਾ ਫ਼ੀਸ ਲੈਣ ਤੇ ਵਾਪਸ ਕਰ ਦਿੱਤੇ ਜਾਂਦੇ ਹਨ, ਬਾਕੀ ਸਾਰੇ ਲਾਭ ਵਾਜਬ ਅਤੇ ਪ੍ਰਚਲਿਤ ਤੌਰ ਤੇ ਲਈ ਜਾਣ ਵਾਲੀ ਫ਼ੀਸ ਲੈ ਕੇ ਵਾਪਸ ਕਰ ਦਿੱਤੇ ਜਾਂਦੇ ਹਨ।

ਇਹ ਸੂਚੀ ਤੁਹਾਡੇ ਕੁਝ ਬੀਮਾ ਸੁਰੱਖਿਆ ਦੇ ਲਾਭਾਂ ਦੀਆਂ ਵਿਸ਼ੇਸ਼ਤਾਵਾਂ ਦੱਸਦੀ ਹੈ। ਕਿਰਪਾ ਕਰਕੇ ਲਾਭਾਂ ਦੀ ਪੂਰੀ ਸੂਚੀ ਅਤੇ ਬੀਮਾ ਸੁਰੱਖਿਆ ਦੇ ਪੂਰੇ ਨਿਯਮਾਂ ਅਤੇ ਸ਼ਰਤਾਂ ਲਈ ਪਾਲਿਸੀ #017874 ਦੇਖੋ ਜੋ ਕਿ ਕਨੇਡਾ ਦੀ ਸਨ ਲਾਈਫ਼ ਐਸ਼ੋਰੈਂਸ ਕੰਪਨੀ ਦੁਆਰਾ ਜਾਰੀ ਕੀਤੀ ਗਈ ਹੈ।
ਕੁਝ ਲਾਭਾਂ ਲਈ ਸਾਡੇ ਜਾਂ ਦੇਖਭਾਲ ਕਰ ਰਹੇ ਡਾਕਟਰ ਤੋਂ ਪੂਰਵ-ਪ੍ਰਵਾਨਗੀ ਲੈਣ ਦੀ ਲੋੜ ਹੋਵੇਗੀ, ਅਤੇ ਸਾਡੇ ਦੁਆਰਾ ਕੀਤੇ ਜਾਣ ਵਾਲੇ ਭੁਗਤਾਨ ਅਧਿਕਤਮ, ਅਲਹਿਦਗੀ ਅਤੇ ਸੀਮਾਵਾਂ ਸਮੇਤ ਪਾਲਿਸੀ ਦੇ ਸਾਰੇ ਪ੍ਰਬੰਧ ਦੇ ਅਧੀਨ ਹਨ। ਜੋਖਮਪੂਰਣ ਸਰਗਰਮੀਆਂ ਵਿੱਚ ਹਿੱਸਾ ਲੈਣ ਅਤੇ ਬਿਨਾਂ ਕਿਸੇ ਮੁਨਾਸਬ ਅਧਿਕਾਰ ਦੇ ਕੰਮ ਕਰਨ ਨਾਲ ਸੰਬੰਧਿਤ ਪਾਲਿਸੀ ਅਲਹਿਦਗੀ ਦੇ ਕਾਰਣ ਤੁਹਾਨੂੰ ਮਿਲਣ ਵਾਲੇ ਲਾਭ ਘਟਾਏ ਜਾ ਸਕਦੇ ਹਨ।

ਬੀਮਾ ਸੁਰੱਖਿਆ ਜਾਂ ਦਾਵਿਆਂ ਨਾਲ ਸੰਬੰਧਿਤ ਸਵਾਲਾਂ ਲਈ, ਕਿਰਪਾ ਕਰਕੇ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਪੂਰਬੀ ਸਮੇਂ (ET) ਦੇ ਦੌਰਾਨ 1-888-206-9004 ਤੇ ਕਾਲ ਕਰੋ। ਜੇ ਤੁਸੀਂ ਕਿਸੇ ਨਾਲ ਗੱਲ ਕਰਨ ਲਈ ਅੰਗ੍ਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਨੂੰ ਤਰਜੀਹ ਦਿੰਦੇ ਹੋ, ਤਾਂ 100 ਤੋਂ ਵੱਧ ਭਾਸ਼ਾਵਾਂ ਨੂੰ ਅਨੁਵਾਦ ਕਰਨ ਲਈ ਸੇਵਾਵਾਂ ਉਪਲਬਧ ਹਨ। ਤੁਹਾਨੂੰ ਕੇਵਲ ਕਾਲ ਦੇ ਸ਼ੁਰੂਆਤ ਵਿੱਚ ਇਸ ਸੇਵਾ ਬਾਰੇ ਪੁੱਛਣ ਦੀ ਲੋੜ ਹੈ।

Sun Life Financial

**ਲਾਈਫ਼ ਇਜ਼ ਬ੍ਰਾਈਟਰ ਅੰਡਰ ਦ ਸੰਨ**

ਲਾਭ ਕਨੇਡਾ ਦੀ ਸੰਨ ਲਾਈਫ਼ ਐਸ਼ੋਰੈਂਸ ਕੰਪਨੀ ਦੁਆਰਾ ਪੇਸ਼ ਕੀਤੇ ਗਏ ਹਨ, ਜੋ ਕਿ ਸੰਨ ਲਾਈਫ਼ ਫਾਈਨੈਂਸ਼ਿਅਲ ਕੰਪਨੀ ਸਮੂਹ ਦਾ ਇੱਕ ਸਦੱਸ ਹੈ।
AA-0001_TDSB ਸੁਆਗਤ ਪੈਕੇਜ 12-15